ਆਈ.ਬੀ.ਆਈ./2006-2007/318

ਆਰ.ਪੀ.ਸੀ.ਡੀ. ਸੀ.ਓ. ਆਰ.ਐਫ.ਬੀ.ਸੀ. ਨੰ. 70/07.38.01/2006-07

ਅਪ੍ਰੈਲ 12, 2007

ਦੀ ਚੇਅਰਮੈਨ/ਸੀ.ਈ.ਓਜ਼,

ਆਲ ਸਟੇਟ ਐਂਡ ਡਿਸਟ੍ਰਿਕਟ ਸੈਂਟਰਲ ਕੋ ਆਪਰੇਟਿਵ ਬੈਂਕਸ

ਸ਼੍ਰੀਮਾਨ ਜੀ,

ਸਿੰਗਲ ਡਿਪਾਜਿਟ ਖਾਤਿਆਂ ਵਿਚ ਨਾਮਜ਼ਦਗੀ ਦੀ ਸੁਵਿਧਾ

ਕਿਰਪਾ ਕਰਕੇ ਉਪਰੋਕਤ ਵਿਸ਼ੇ ‘ਤੇ ਸਰਕੂਲਰ ਆਰ.ਪੀ.ਸੀ.ਡੀ. ਆਰ.ਐਫ. ਬੀ.ਸੀ ਨੰ. 12/07.38.01/2005-06 ਮਿਤੀ 12 ਜੁਲਾਈ, 2005 ਦੇ ਪੈਰਾ 9 ਨੂੰ ਵੇਖੋ, ਜਿਸ ਵਿਚ ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਨਾਮਜ਼ਦਗੀ ਦੀ ਸੁਵਿਧਾ ਅਤੇ ਸਰਵਾਈਵਰਸ਼ਿਪ ਕਲਾਜ ਦੇ ਫਾਇਦਿਆਂ ਬਾਰੇ ਵਿਆਪਕ ਪ੍ਰਚਾਰ ਅਤੇ ਡਿਪਾਜ਼ਿਟ ਖਾਤੇਦਾਰਾਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਨ। ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਸੰਬੰਧ ਵਿਚ ਭਰਪੂਰ ਯਤਨਾਂ ਦੇ ਬਾਵਜੂਦ ਬੈਂਕ ਅਜੇ ਵੀ ਨਾਮਜ਼ਦਗੀ ਤੋਂ ਬਿਨਾਂ ਸਿੰਗਲ ਡਿਪਾਜਿਟ ਖਾਤੇ ਖੋਲ ਰਹੇ ਹਨ।

2. ਇਲਾਹਾਬਾਦ ਹਾਈ ਕੋਰਟ ਸਾਮ੍ਹਣੇ ਆਏ ਇੱਕ ਮੁਕਦਮੇ ਵਿਚ ਮਾਣਯੋਗ ਅਦਾਲਤ ਨੇ ਕਿਹਾ ਹੈ ਇਹ ਅਤੀ-ਉਚਿਤ ਹੋਵੇਗਾ ਕਿ ਰਿਜਰਵ ਬੈਂਕ ਆਫ ਇੰਡੀਆ ਅਜਿਹੀਆਂ ਮਾਰਗਦਰਸ਼ਕ ਲੀਹਾਂ ਜਾਰੀ ਕਰੇ ਕਿ ਇੱਕਲੇ ਨਾਮ ਤੇ ਕੋਈ ਵੀ ਬਚਤ ਖਾਤਾ ਜਾਂ ਫਿਕਸਡ ਡਿਪਾਜਿਟ ਖਾਤਾ ਉਦੋਂ ਤੱਕ ਨਾ ਖੋਲ੍ਹਿਆ ਜਾਵੇ ਜਦੋਂ ਤੱਕ ਡਿਪਾਜਿਟਰਸ ਦੁਆਰਾ ਨਾਮਜ਼ਦ ਵਿਅਕਤੀ ਦਾ ਨਾਮ ਨਾ ਦਿੱਤਾ ਜਾਵੇ। ਇਹ ਕਾਰਵਾਈ ਉਹਨਾਂ ਬੇਕਸੂਰ ਵਿਧਵਾਵਾਂ ਅਤੇ ਬੱਚਿਆਂ ਦੀ ਮਦਦ ਵਿਚ ਦੂਰਗਾਮੀ ਸਾਬਤ ਹੋਵੇਗਾ ਜਿਹਨਾਂ ਨੂੰ ਉਹ ਧੰਨ-ਰਾਸ਼ੀ ਪ੍ਰਾਪਤ ਕਰਨ ਲਈ ਲੰਮੀ ਮੁਕੱਦਮੇਬਾਜੀ ਵਿਚੋਂ ਲੰਘਣਾ ਪੈਂਦਾ ਹੈ ਜੋ ਕਾਨੂੰਨੀ ਤੌਰ ‘ਤੇ ਉਨ੍ਹਾਂ ਦੀ ਹੀ ਹੁੰਦੀ ਹੈ।"

3. ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਖਾਤਾ ਖੁਲਾਉਣ ਵਾਲੇ ਹਰੇਕ ਵਿਅਕਤੀ ‘ਤੇ ਨਾਮਜ਼ਦਗੀ ਦੀ ਸੁਵਿਧਾ ਦੇ ਫਾਇਦਿਆਂ ਬਾਰੇ ਸਮਝਾਵੇ। ਜੇਕਰ ਫੇਰ ਵੀ ਖਾਤਾ ਖੁਲਵਾਉਣ ਵਾਲਾ ਵਿਅਕਤੀ ਨਾਮਜ਼ਦਗੀ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਬੈਂਕ ਨੂੰ ਚਾਹੀਦਾ ਹੈ ਕਿ ਉਹ ਉਸ ਵਿਅਕਤੀ ਨੂੰ ਕਹੇ ਕਿ ਉਹ ਬੈਂਕ ਨੂੰ ਲਿਖਤੀ ਰੂਪ ਵਿਚ ਪੱਤਰ ਦੇਵੇ ਕਿ ਉਹ ਨਾਮਜ਼ਦਗੀ ਨਹੀਂ ਕਰਨਾ ਚਾਹੁੰਦਾ ਹੈ। ਜੇਕਰ ਖਾਤਾ ਖੋਲ੍ਹਣ ਵਾਲਾ ਵਿਅਕਤੀ ਅਜਿਹਾ ਪੱਤਰ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਬੈਂਕ ਨੂੰ ਇਹ ਤੱਥ ਖਾਤਾ ਖੋਲ੍ਹਣ ਦੇ ਫਾਰਮ ‘ਤੇ ਰਿਕਾਰਡ ਕਰ ਦੇਣਾ ਚਾਹੀਦਾ ਹੈ ਅਤੇ ਖਾਤਾ ਖੋਲ੍ਹ ਦੇਣਾ ਚਾਹੀਦਾ ਹੈ, ਜਕੇਰ ਹੋਰ ਪੱਖਾਂ ਅਨੁਸਾਰ ਇਹ ਖੋਲ੍ਹਣ ਯੋਗ ਹੋਵੇ। ਕਿਸੇ ਵੀ ਹਾਲਾਤ ਵਿਚ, ਬੈਂਕਾਂ ਨੂੰ ਕੇਵਲ ਇਸੇ ਆਧਾਰ ‘ਤੇ ਵਿਅਕਤੀ ਵਲੋਂ ਖਾਤਾ ਖੁਲ੍ਹਵਾਉਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ ਕਿ ਉਸ ਵਿਅਕਤੀ ਨੇ ਨਾਮਜ਼ਦਗੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

4. ਬੈਂਕਾਂ ਨੂੰ ਇਹ ਸਲਾਹ ਵੀ ਦਿੱਤੀ ਜਾਂਦੀ ਹੈ ਕਿ ਕਿਸੇ ਸੋਲ-ਪ੍ਰੋਪਰਾਈਟਰੀ ਵਪਾਰਕ ਸੰਸਥਾ ਦੇ ਨਾਮ ‘ਤੇ ਖਾਤਾ ਖੋਲ੍ਹਣ ਲਈ ਵੀ ਉਹ ਉਪਰੋਕਤ ਪ੍ਰਕਿਰਿਆ ਦੀ ਪਾਲਣਾ ਕਰਨ।

5. ਕਿਰਪਾ ਕਰਕੇ ਇਸ ਦੀ ਪ੍ਰਾਪਤੀ ਦੀ ਸੂਚਨਾ ਸਾਡੇ ਸੰਬੰਧਿਤ ਰੀਜਨਲ ਆਫਿਸ ਨੂੰ ਭੇਜੋ।

ਆਪਜੀ ਦਾ ਵਿਸ਼ਵਾਸਪਾਤਰ,

(ਸੀ.ਐਸ.ਮੂਰਤੀ)

ਚੀਫ ਜਨਰਲ ਮੈਨੇਜਰ, ਇਨ-ਚਾਰਜ